# PRESS COVERAGE

# International Mathematics Day Celebrated with 3000 Students of 5 Schools by M. M. Modi College, Patiala


## 14.03.2022

# ਮੋਦੀ ਕਾਲਜ ਨੇ ਮਨਾਇਆ ਅੰਤਰਰਾਸ਼ਟਰੀ ਮੈਥੇਮੈਟਿਕਸ ਦਿਵਸ

ਪਟਿਆਲਾ, 14 ਮਾਰਚ (ਰੁਪਾਣਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਪੋਸਟ-ਗ੍ਰੈਜੂਏਟ ਮੈਥੇਮੈਟਿਕਸ ਵਿਭਾਗ ਵੱਲੋਂ ਅੱਜ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਭਾਸ਼ਣ ਤੇ ਗਤੀਵਿਧੀਆਂ ਆਯੋਜਿਤ ਕਰਕੇ ਅੰਤਰ-ਰਾਸ਼ਟਰੀ ਮੈਥੇਮੈਟਿਕਸ ਦਿਵਸ ਮਨਾਇਆ ਗਿਆ। ਇਸ ਮਹੱਤਵਪੂਰਨ ਦਿਵਸ ਦੇ ਇਸ ਸਾਲ (2022) ਦੇ ਥੀਮ, 'ਮੈੱਥ ਯੂਨਾਈਟਸ' (ਹਿਸਾਬ ਜੋੜਦਾ ਹੈ) ਦੇ ਸਬੰਧ ਵਿੱਚ ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ, ਉਹਨਾਂ ਦੀ ਪੇਸ਼ਾਵਰ ਤੇ ਰੋਜ਼ਾਨਾ ਜ਼ਿੰਦਗੀ ਵਿੱਚ ਤਰਕ ਤੇ ਵਿਗਿਆਨ ਆਧਾਰਿਤ ਫ਼ੈਸਲੇ ਲੈਣ ਵਿੱਚ ਮੈਥੇਮੈਟਿਕਸ ਦੀ ਭੂਮਿਕਾ ਤੇ ਵਿਗਿਆਨਕ ਚੇਤਨਾ ਵਿਕਸਿਤ ਕਰਨ ਵਿੱਚ ਮੈਥੇਮੈਟਿਕਸ ਦਾ ਯੋਗਦਾਨ ਆਦਿ ਵਿਸ਼ਿਆਂ 'ਤੇ ਵਿਦਿਆਰਥੀਆਂ ਨਾਲ ਵਿਚਾਰ-ਚਰਚਾ ਕੀਤੀ ਗਈ। ਇਸ ਦਿਵਸ ਦੇ ਸਬੰਧ ਵਿੱਚ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਜੋ ਕਿ ਖ਼ੁਦ ਇੱਕ ਸਥਾਪਤ ਹਿਸਾਬਦਾਨ ਹਨ ਨੇ ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਇਸ ਸਾਲ ਯੂਨੈਸਕੋ ਵੀ 'ਤਰਕ ਆਧਾਰਿਤ ਸੁਹਿਰਦ ਫ਼ੈਸਲੇ ਲੈਣ' ਦੀ ਪ੍ਰਕਿਰਿਆ ਨੂੰ ਸਮਰੱਥ ਬਣਾਉਣ ਲਈ ਮੈਥੇਮੈਟਿਕਸ ਦੀ ਵਰਤੋਂ 'ਤੇ ਜ਼ੋਰ ਦੇ ਰਿਹਾ ਹੈ। ਇਸ ਮੌਕੇ 'ਤੇ ਕਾਲਜ ਦੇ ਮੈਥੇਮੈਟਿਕਸ ਵਿਭਾਗ ਦੇ ਮੁਖੀ ਡਾ. ਵਰੁਨ ਕੁਮਾਰ ਨੇ ਦੱਸਿਆ ਕਿ ਇਸ ਸਾਲ ਵਿਭਾਗ ਪਟਿਆਲਾ ਜ਼ਿਲ੍ਹੇ ਦੇ ਪੰਜ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨਾਲ ਮੈਥੇਮੈਟਿਕਸ ਦੇ ਗੁੰਝਲਦਾਰ ਵਿਸ਼ੇ ਸਬੰਧੀ ਪਾਏ ਜਾਂਦੇ ਡਰ ਨੂੰ ਖ਼ਤਮ ਕਰਨ ਲਈ ਅਤੇ ਉਹਨਾਂ ਨੂੰ ਇਸ ਵਿਸ਼ੇ ਵਿੱਚ ਉਚੇਰੀ ਸਿੱਖਿਆਂ ਤੇ ਖੋਜ-ਕਾਰਜਾਂ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਦੱਸਿਆ ਕਿ ਇਸ ਉਦੇਸ਼ ਲਈ ਸਰਕਾਰੀ ਸੀਨੀਅਰ ਸਮਾਰਟ ਸਕੂਲ, ਤ੍ਰਿਪੜੀ, ਪਟਿਆਲਾ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਐੱਨ.ਪੀ.ਐੱਚ.ਸੀ., ਪਟਿਆਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਹਾਦਰਗੜ੍ਹ, ਪਟਿਆਲਾ, ਸਰਕਾਰੀ ਸੀਨੀਅਰ ਸਮਾਰਟ ਸਕੂਲ, ਮਾਡਲ ਟਾਊਨ, ਪਟਿਆਲਾ ਤੇ ਸਰਕਾਰੀ ਸੀਨੀਅਰ ਸਮਾਰਟ ਸਕੂਲ, ਸਿਵਲ ਲਾਈਨਜ਼, ਪਟਿਆਲਾ ਨੂੰ ਚੁਣਿਆ ਗਿਆ ਹੈ। ਇਸ ਦਿਵਸ ਦੇ ਸਬੰਧ ਵਿੱਚ ਕਾਲਜ ਦੇ ਮੈਥੇਮੈਟਿਕਸ ਵਿਭਾਗ ਦੇ ਅਧਿਆਪਕਾਂ ਡਾ. ਚੇਤਨਾ ਸ਼ਰਮਾ, ਡਾ. ਅਨੂ ਬਾਲਾ, ਪ੍ਰੋ.ਜਸਪ੍ਰੀਤ ਕੌਰ, ਪ੍ਰੋ. ਸਿਮਰਜੀਤ ਕੌਰ, ਪ੍ਰੋ.ਰਾਜਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ.ਹਰਵਿੰਦਰ ਕੌਰ, ਡਾ.ਰਿਚਾ, ਪ੍ਰੋ.ਚੇਤਨਾ ਗੁਪਤਾ, ਪ੍ਰੋ.ਮਨਪ੍ਰੀਤ ਕੌਰ ਤੇ ਪ੍ਰੋ. ਜਗਮਨਜੀਤ ਕੌਰ ਨੇ ਸਕੂਲੀ ਵਿਦਿਆਰਥੀਆਂ ਨੂੰ ਸੰਬੋਧਤ ਕੀਤਾ।

# ਮੋਦੀ ਕਾਲਜ ਵਲੋਂ 5 ਸਕੂਲਾਂ ਦੇ ਵਿਦਿਆਰਥੀਆਂ ਨਾਲ ਮਨਾਇਆ ਅੰਤਰਰਾਸ਼ਟਰੀ ਮੈਥੇਮੈਟਿਕਸ ਦਿਵਸ

ਪਟਿਆਲਾ, 14 ਮਾਰਚ (ਗੁਰਵਿੰਦਰ ਸਿੰਘ ਔਲਖ) - ਮੁਲਤਾਨੀ ਮੱਲ ਮੋਦੀ ਕਾਲਜ ਦੇ ਪੋਸਟ-ਗਰੈਜੂਏਟ ਮੈਥੇਮੈਟਿਕਸ ਵਿਭਾਗ ਵਲੋਂ ਅੱਜ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਭਾਸ਼ਣ ਤੇ ਗਤੀਵਿਧੀਆਂ ਕਰਕੇ ਅੰਤਰਰਾਸ਼ਟਰੀ ਮੈਥੇਮੈਟਿਕਸ ਦਿਵਸ ਮਨਾਇਆ ਗਿਆ। ਇਸ ਮੌਕੇ ਸਾਲ (2022) ਦੇ ਥੀਮ, ਹਿਸਾਬ ਜੋੜਦਾ ਹੈ ਦੇ ਸਬੰਧ ਵਿਚ ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ, ਉਨ੍ਹਾਂ ਦੀ ਪੇਸ਼ਾਵਰ ਤੇ ਰੋਜ਼ਾਨਾ ਜ਼ਿੰਦਗੀ ਵਿਚ ਤਰਕ ਤੇ ਵਿਗਿਆਨ ਆਧਾਰਿਤ ਫ਼ੈਸਲੇ ਲੈਣ 'ਚ ਮੈਥੇਮੈਟਿਕਸ ਦੀ ਭੂਮਿਕਾ ਤੇ ਵਿਗਿਆਨਕ ਚੇਤਨਾ ਵਿਕਸਿਤ ਕਰਨ ਵਿਚ ਮੈਥੇਮੈਟਿਕਸ ਦਾ ਯੋਗਦਾਨ ਆਦਿ ਵਿਸ਼ਿਆਂ 'ਤੇ ਵਿਦਿਆਰਥੀਆਂ ਨਾਲ ਵਿਚਾਰ-ਚਰਚਾ ਕੀਤੀ ਗਈ। ਇਸ ਦਿਵਸ ਦੇ ਸੰਬੰਧ ਵਿਚ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਜੋ ਕਿ ਖ਼ੁਦ ਇਕ ਸਥਾਪਿਤ ਹਿਸਾਬਦਾਨ ਹਨ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਇਸ ਸਾਲ ਯੂਨੈਸਕੋ ਵੀ 'ਤਰਕ ਆਧਾਰਿਤ ਸੁਹਿਰਦ ਫ਼ੈਸਲੇ ਲੈਣ' ਦੀ ਪ੍ਰਕ੍ਰਿਆ ਨੂੰ ਸਮਰੱਥ ਬਣਾਉਣ ਲਈ ਮੈਥੇਮੈਟਿਕਸ ਦੀ ਵਰਤੋਂ 'ਤੇ ਜ਼ੋਰ ਦੇ ਰਿਹਾ ਹੈ। ਇਸ ਮੌਕੇ ਕਾਲਜ ਦੇ ਮੈਥੇਮੈਟਿਕਸ ਵਿਭਾਗ ਦੇ ਮੁਖੀ ਡਾ. ਵਰੁਨ ਕੁਮਾਰ ਨੇ ਦੱਸਿਆ ਕਿ ਇਸ ਸਾਲ ਵਿਭਾਗ ਪਟਿਆਲਾ ਜ਼ਿਲ੍ਹੇ ਦੇ ਪੰਜ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ 'ਨਾਲ ਮੈਥੇਮੈਟਿਕਸ ਦੇ ਗੁੰਝਲਦਾਰ ਵਿਸ਼ੇ ਸੰਬੰਧੀ ਪਾਏ ਜਾਂਦੇ ਡਰ ਨੂੰ ਖ਼ਤਮ ਕਰਨ ਲਈ ਅਤੇ ਉਨ੍ਹਾਂ ਨੂੰ ਇਸ ਵਿਸ਼ੇ ਵਿਚ ਉਚੇਰੀ ਸਿੱਖਿਆ ਤੇ ਖੋਜ-ਕਾਰਜਾਂ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਇਸ ਉਦੇਸ਼ ਲਈ ਸਰਕਾਰੀ ਸੀਨੀਅਰ ਸਮਾਰਟ ਸਕੂਲ ਤ੍ਰਿਪੜੀ, ਪਟਿਆਲਾ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਐਨ.ਪੀ.ਐਚ.ਸੀ, ਪਟਿਆਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਹਾਦਰਗੜ੍ਹ, ਪਟਿਆਲਾ, ਸਰਕਾਰੀ ਸੀਨੀਅਰ ਸਮਾਰਟ ਸਕੂਲ, ਮਾਡਲ ਟਾਊਨ, ਪਟਿਆਲਾ ਤੇ ਸਰਕਾਰੀ ਸੀਨੀਅਰ ਸਮਾਰਟ ਸਕੂਲ, ਸਿਵਲ ਲਾਈਨਜ਼, ਪਟਿਆਲਾ ਨੂੰ ਚੁਣਿਆ ਗਿਆ ਹੈ। ਇਸ ਦਿਵਸ ਦੇ ਸਬੰਧ 'ਚ ਕਾਲਜ ਦੇ ਮੈਥੇਮੈਟਿਕਸ ਵਿਭਾਗ ਦੇ ਅਧਿਆਪਕਾਂ ਡਾ. ਚੇਤਨਾ ਸ਼ਰਮਾ, ਡਾ. ਅਨੂ ਬਾਲਾ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਸਿਮਰਜੀਤ ਕੌਰ, ਪ੍ਰੋ.ਰਾਜਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਹਰਵਿੰਦਰ ਕੌਰ, ਡਾ. ਰਿਚਾ, ਪ੍ਰੋ. ਚੇਤਨਾ ਗੁਪਤਾ, ਪ੍ਰੋ. ਮਨਪ੍ਰੀਤ ਕੌਰ ਤੇ ਪ੍ਰੋ. ਜਰਮਨਜੀਤ ਕੌਰ ਨੇ ਸਕੂਲੀ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।




ਪਟਿਆਲਾ ਵਿਖੇ ਵਿਦਿਆਰਥਣਾਂ ਦੇ ਗਣਿਤ ਮੁਕਾਬਲੇ ਕਰਵਾਏ ਜਾਣ ਦਾ ਦ੍ਰਿਸ਼। ਅਜੀਤ ਤਸਵੀਰ

# ਮੋਦੀ ਕਾਲਜ ਵਿਖੇ ਮਨਾਇਆ ਅੰਤਰਰਾਸ਼ਟਰੀ ਮੈਥੇਮੈਟਿਕਸ ਦਿਵਸ

ਪਟਿਆਲਾ, 14 ਮਾਰਚ (ਜੋਸਨ)- ਮੁਲਤਾਨੀ ਮੱਲ ਮੋਦੀ ਕਾਲਜ ਦੇ ਪੋਸਟ-ਗਰੈਜੂਏਟ ਮੈਥੇਮੈਟਿਕਸ ਵਿਭਾਗ ਵੱਲੋਂ ਅੱਜ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਭਾਸ਼ਣ ਅਤੇ ਗਤੀਵਿਧੀਆਂ ਆਯੋਜਿਤ ਕਰ ਕੇ ਅੰਤਰਰਾਸ਼ਟਰੀ ਮੈਥੇਮੈਟਿਕਸ ਦਿਵਸ ਮਨਾਇਆ ਗਿਆ। ਇਸ ਮਹੱਤਵਪੂਰਨ ਦਿਵਸ ਦੇ ਇਸ ਸਾਲ (2022) ਦੇ ਥੀਮ, ਮੈਥ ਯੂਨਾਈਟਸ (ਹਿਸਾਬ ਜੋੜਦਾ ਹੈ) ਦੇ ਸਬੰਧ 'ਚ ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ, ਉਨ੍ਹਾਂ ਦੀ ਪੇਸ਼ਾਵਰ ਅਤੇ ਰੋਜ਼ਾਨਾ ਜ਼ਿੰਦਗੀ 'ਚ ਤਰਕ ਤੇ ਵਿਗਿਆਨ ਆਧਾਰਿਤ ਫ਼ੈਸਲੇ ਲੈਣ 'ਚ ਮੈਥੇਮੈਟਿਕਸ ਦੀ ਭੂਮਿਕਾ ਅਤੇ ਵਿਗਿਆਨਕ ਚੇਤਨਾ ਵਿਕਸਿਤ ਕਰਨ 'ਚ ਮੈਥੇਮੈਟਿਕਸ ਦਾ ਯੋਗਦਾਨ ਆਦਿ ਵਿਸ਼ਿਆਂ 'ਤੇ ਵਿਦਿਆਰਥੀਆਂ ਨਾਲ ਵਿਚਾਰ-ਚਰਚਾ ਕੀਤੀ ਗਈ।

ਯਾਦ ਰਹੇ ਇਸ ਸਾਲ ਮੈਥ ਯੂਨਾਈਟਸ ਦੇ ਥੀਮ ਰਾਹੀਂ ਸਾਰੇ ਮੁਲਕਾਂ 'ਚ ਇਹ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਮੈਥੇਮੈਟਿਕਸ ਲੋਕਾਂ ਅਤੇ ਰਾਸ਼ਟਰਾਂ ਨੂੰ ਆਪਸ 'ਚ ਜੋੜਦੀ ਸਾਂਝੀ ਭਾਸ਼ਾ ਹੈ, ਜਿਸ ਨਾਲ ਅਸੀਂ ਇਕ-ਦੂਜੇ ਨੂੰ ਹੋਰ ਬਿਹਤਰ ਤਰੀਕੇ ਨਾਲ ਸਮਝ ਸਕਦੇ ਹਾਂ। ਇਸ ਦਿਵਸ ਸਬੰਧੀ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਜੋ ਕਿ ਖ਼ੁਦ ਇਕ ਸਥਾਪਿਤ ਹਿਸਾਬਦਾਨ ਹਨ, ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਾਲ ਯੂਨੈਸਕੋ ਵੀ ਤਰਕ ਆਧਾਰਿਤ ਸੁਹਿਰਦ ਫ਼ੈਸਲੇ ਲੈਣ ਦੀ ਪ੍ਰਕ੍ਰਿਆ ਨੂੰ ਸਮਰੱਥ ਬਣਾਉਣ ਲਈ ਮੈਥੇਮੈਟਿਕਸ ਦੀ ਵਰਤੋਂ 'ਤੇ ਜ਼ੋਰ ਦੇ ਰਿਹਾ ਹੈ।



ਮੋਦੀ ਕਾਲਜ ਵਿਖੇ ਕਰਵਾਏ ਗਏ ਪ੍ਰੋਗਰਾਮ 'ਚ ਹਿੱਸਾ ਲੈਂਦੇ ਵਿਦਿਆਰਥੀ ਤੇ ਸਟਾਫ ਮੈਂਬਰ। (ਜੋਸਨ)

ਇਸ ਦਿਵਸ ਸਬੰਧੀ ਕਾਲਜ ਦੇ ਮੈਥੇਮੈਟਿਕਸ ਵਿਭਾਗ ਦੇ ਅਧਿਆਪਕਾ ਡਾ. ਚੇਤਨਾ ਸ਼ਰਮਾ, ਡਾ. ਅਨੂ ਬਾਲਾ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਸਿਮਰਜੀਤ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਹਰਵਿੰਦਰ ਕੌਰ, ਡਾ. ਰਿਚਾ, ਪ੍ਰੋ. ਚੇਤਨਾ ਗੁਪਤਾ, ਪ੍ਰੋ. ਮਨਪ੍ਰੀਤ ਕੌਰ ਤੇ ਪ੍ਰੋ. ਜਰਮਨਜੀਤ ਕੌਰ ਨੇ ਸਕੂਲੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

# मोदी कालेज ने 5 स्कूलों के विद्यार्थियों के साथ मनाया अंतर्राष्ट्रीय मैथेमैटिक्स डे

पटियाला, 14 मार्च (धीर): मुलतानी मल मोदी कालेज के पोस्ट-ग्रैजुएट मैथेमैटिक्स विभाग की तरफ से आज अलग-अलग स्कूलों के विद्यार्थियों के लिए विशेष भाषण और अन्य गतिविधियों आयोजित करके अंतर्राष्ट्रीय मैथेमैटिक्स दिवस मनाया। इस महत्वपूर्ण दिवस के इस वर्ष (2022) के विषय, मैथ यूनाईटस (हिसाब जोड़ता है) के संबंध में विद्यार्थियों को इस दिन की महत्ता, उनकी पेशावर और रोजमर्रा की जिंदगी में तर्क और विज्ञान आधारित फैसले लेने में मैथेमैटिक्स की भूमिका और वैज्ञानिक चेतना विकसित करने में मैथ का योगदान आदि विषयों पर विद्यार्थियों के साथ विचार चर्चा की गई। याद रहे इस वर्ष मैथ यूनाईटस के विषय द्वारा सभी देशों में यह संदेश दिया जा रहा है कि मैथेमैटिक्स लोगों और राष्ट्रों को आपस में जोड़ती सांझी भाषा है, जिसके साथ हम एक -दूसरे को और बेहतर तरीको साथ समझ सकते हैं।

इस दिवस के संबंध में प्रिंसीपल डा. खुशविन्दर कुमार जो कि खुद एक स्थापित गणितज्ञ हैं, ने विद्यार्थियों को संबोधित करते कहा कि इस साल यूनेस्को भी ह्यतर्क आधारित सहृदय फैसले लेने की प्रक्रिया को समर्थ बनाने के लिए मैथ के प्रयोग पर जोर दे रहा है। उन्होंने बताया कि हमारा कालेज इस संबंध में स्कूली विद्यार्थियों को मैथ के क्षेत्र में नवीनतम तकनीकों, खोजों और रोजगार की संभावनाओं बारे जागरूक करने के लिए यत्नशील है, जिससे वह इस वैज्ञानिक कला के साथ जुड़ सकें।

इस मौके पर कालेज के मैथ विभाग के प्रमुख डा. वरुन कुमार ने बताया कि इस साल विभाग पटियाला जिले के पांच सरकारी स्कूलों के विद्यार्थियों के साथ मैथ के जटिल विषय सम्बन्धित डाले जाते डर को खत्म करने के लिए और उनको इस विषय को सिखने और खोज कार्यों के लिए प्रेरित किया। इस उद्देश्य के लिए सरकारी सीनियर स्मार्ट स्कूल, त्रिपड़ी, सरकारी गर्लज सीनियर सेकंडरी स्कूल, एन पी एच सी, सरकारी सीनियर सेकंडरी स्कूल, बहादुरगढ़, सरकारी सीनियर स्मार्ट स्कूल, माडल टाऊन और सरकारी सीनियर स्मार्ट स्कूल, सिवल लाईन को चुना गया है। इस दिवस के संबंध में कालेज के मैथ विभाग के अध्यापकों डा. चेतना शर्मा, डा अनु बाला, प्रो. जसप्रीत कौर, प्रो. सिमरजीत कौर, प्रो. राजविन्दर कौर, प्रो. अमनदीप कौर, प्रो. हरविन्दर कौर, डा. रिचा, प्रो. चेतना गुप्ता, प्रो. मनप्रीत कौर और प्रो. जरमनजीत कौर ने विद्यार्थियों को संबोधित किया।





स्कूली छात्रों को मैथ संबंधी जानकारी देते कालेज के प्रोफेसर।

# अंतर्राष्ट्रीय मैथेमैटिक्स दिवस मनाया

पटियाला, 14 मार्च (जोसन): मुल्तानी मल मोदी कालेज पटियाला के पोस्ट- ग्रैजुएट मैथेमैटिक्स विभाग की तरफ से आज अलग-अलग स्कूलों के विद्यार्थियों के लिए विशेष भाषण और गतिविधियां आयोजित करके अंतर्राष्ट्रीय मैथेमैटिक्स दिवस मनाया गया। इस महत्वपूर्ण दिवस के इस साल (2022) के विषय, मैथ्थ यूनाइट्स ( हिसाब जोड़ता है) के सम्बन्ध में विद्यार्थियों को इस दिन की महत्ता, उनकी पेशावर और रोजाना की जिंदगी में तर्क और विज्ञान आधारित फैसले लेने में मैथेमैटिक्स की भूमिका और वैज्ञानिक चेतना विकसित करने में मैथेमैटिक्स का योगदान आदि विषयों पर विद्यार्थियों के साथ विचार-चर्चा की गई।

याद रहे इस साल मैथ्थ यूनाइटस के विषय द्वारा सभी देशों में यह संदेश दिया जा रहा है कि मैथेमैटिक्स लोगों पर राष्ट्रों को आपस में जोड़ती सांझी भाषा है जिसके साथ हम एक- दूसरे को और बेहतर तरीके साथ समझ सकते हैं। इस दिवस के संबंध में कालेज प्रिंसीपल डा. खुशविन्दर कुमार जो कि ख़ुद एक स्थापित गणितज्ञ हैं ने विद्यार्थियों को संबोधित करते कहा कि इस साल यूनेस्को भी तर्क आधारित सहृदय फैसले लेने की प्रक्रिया को समर्थ बनाने के लिए मैथेमैटिक्स का प्रयोग पर जोर दे रहा है।

उन्होंने बताया कि हमारा कालेज इस सम्बन्ध में विद्यार्थियों को मैथेमैटिक्स के क्षेत्र में नवीनतम तकनीकें, खोज और रोजगार की संभावनाओं बारे जागरूक करने के लिए यत्नशील है जिससे वह इस वैज्ञानिक कला के साथ जुड़ सकें।



मोदी कालेज में करवाए गए प्रोग्राम में हिस्सा लेते विद्यार्थी और स्टाफ मैंबर। (सुंदर)